This Question Paper consists of **13** questions and **8** printed pages.
ਇਸ ਪ੍ਰਸ਼ਨ-ਪੱਤਰ ਵਿੱਚ **13** ਪ੍ਰਸ਼ਨ ਅਤੇ **8** ਮੁਦਰਿਤ ਪੰਨੇ ਹਨ ।

**Roll No.**
**ਰੋਲ ਨੰ: ਅੰਕਾਂ ਵਿਚ** | | | | | | | | | | | | |

**Code No.**
**ਕੋਡ ਨੰ.** **68/SS/O/P**

**Set A**

# PUNJABI
# ਪੰਜਾਬੀ
# (310)

**Day and Date of Examination**
**ਪਰਿਖਿਆ ਦਾ ਦਿਨ ਅਤੇ ਮਿੱਤੀ** ____________________

**Signature of Invigilators**
**ਨਿਰੀਖਕਾਂ ਦੇ ਦਸਖ਼ਤ**

1. ____________________

2. ____________________

**ਆਮ ਨਿਰਦੇਸ਼ :**

1. ਵਿਦਿਆਰਥੀ ਨੂੰ ਪ੍ਰਸ਼ਨ ਪੱਤਰ ਦੇ ਪਹਿਲੇ ਪੰਨੇ ਤੇ ਆਪਣਾ ਨਾਮ ਅਤੇ ਰੋਲ ਨੰਬਰ ਲਿਖਣਾ ਜ਼ਰੂਰੀ ਹੈ।
2. ਪ੍ਰਸ਼ਨ ਪੱਤਰ ਦੇ ਸਾਰੇ ਪੰਨਿਆ ਨੂੰ ਦੇਖਣਾ ਅਤੇ ਜਾਂਚਣਾ ਜ਼ਰੂਰੀ ਹੈ ਅਤੇ ਪ੍ਰਸਨ ਪੱਤਰ ਵਿੱਚ ਪ੍ਰਸ਼ਨਾਂ ਦੀ ਗਿਣਤੀ ਉੱਤਰ ਪੁਸਤਕ ਦੇ ਉਪਰ ਪਹਿਲੇ ਪੰਨੇ ਤੇ ਛੱਪੇ ਨੰਬਰਾਂ ਨਾਲ ਮਿਲਦੀ ਹੋਣੀ ਚਾਹੀਦੀ ਹੈ। ਇਹ ਵੀ ਦੇਖਿਆ ਜਾਵੇ ਕਿ ਪ੍ਰਸ਼ਨ ਪੱਤਰ ਵਿੱਚ ਪ੍ਰਸ਼ਨ ਕਰਨਾ (ਸੀਰੀਅਲ) ਅਨੁਸਾਰ ਹੋਵੇ।
3. ਆਬਜੈਕਟਿਵ ਟਾਇਪ ਪ੍ਰਸ਼ਨ ਜਿਹਨਾ ਦੇ ਚਾਰ ਵਿਕਲਪ (A), (B), (C), (D) ਹਨ ਵਿਚੋਂ ਇਕ ਠੀਕ ਨੂੰ ਚੁੰਨਣਾ ਹੈ ਅਤੇ ਠੀਕ ਉੱਤਰ ਨੂੰ ਪੁਸਤਕ ਵਿੱਚ ਲਿਖਣਾ ਹੈ। ਸਾਰੇ ਪ੍ਰਸ਼ਨ ਪੱਤਰ ਵਿੱਚ ਆਬਜੈਕਟਿਵ ਟਾਇਪ ਪ੍ਰਸ਼ਨ ਵੀ ਹਨ ਇਕ ਸਮੇਂ ਅਨੁਸਾਰ ਹੀ ਕਰਨੇ ਹੈ ਕਿਉਂਕਿ ਹੋਰ ਅਲੱਗ ਸਮਾਂ ਨਹੀ ਦਿੱਤਾ ਜਾਵੇਗਾ।
4. ਕੋਈ ਵੀ ਨਿਸ਼ਾਨ ਜਾ ਰੋਲ ਨੰਬਰ ਉੱਤਰ ਪੁਸਤਕ ਦੇ ਕਿਸੇ ਵੀ ਜਗਾਂ ਤੇ ਨਹੀ ਹੋਣਾ ਚਾਹੀਦਾ, ਨਹੀਂ ਤੇ ਵਿਦਿਆਰਥੀ ਨੂੰ ਪਰੀਖਿਆ ਤੋਂ ਬਾਹਰ ਕਰ ਦਿੱਤਾ ਜਾਵੇਗਾ।
5. ਉੱਤਰ ਪੁਸਤਿਕਾ ਦੇ ਪ੍ਰਸ਼ਨ ਪੁਸਤਿਕਾ ਦਾ ਨੰਬਰ **68/SS/O/P-A** ਜ਼ਰੂਰ ਲਿਖੋ।



Unnati Educations
9899436384, 9654279279

# PUNJABI
# ਪੰਜਾਬੀ
# (310)

Time : **3** Hours ] [ Maximum Marks : **100**

ਸਮਾਂ : **3** ਘੰਟੇ ] [ ਕੁਲ ਅੰਕ : **100**

**ਨੋਟ :**

ਹੇਠ ਲਿਖੇ ਨਿਰਦੇਸ਼ਾਂ ਨੂੰ ਧਿਆਨ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ :

- ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।
- ਉੱਤਰ ਨੂੰ ਧਿਆਨ ਨਾਲ ਲਿਖਿਆ/ਉੱਤਰਸ਼ੀਟ 'ਤੇ ਦਰਜ਼ ਕੀਤਾ ਜਾਵੇ।

**Note :**

(1) Answers of **all** questions are to be given in the Answer-Book given to you.

(2) 15 minutes time has been allotted to read this Question Paper. The Question Paper will be distributed at 2 : 15 p.m. From 2 : 15 p.m. to 2 : 30 p.m., the students will read the Question Paper only and will not write any answer on the Answer-Book during this period.

**I.** ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ – **1x10=10**

**1.** ਵੱਖ-ਵੱਖ ਖੇਤਰਾਂ ਦੀ ਭਾਸ਼ਾਵਾਂ ਨੂੰ ਕੀ ਕਿਹਾ ਜਾਂਦਾ ਹੈ?

(A) ਭਾਸ਼ਾ (B) ਉਪਭਾਸ਼ਾ (C) ਲਿਪੀ (D) ਸ਼ਬਦਾਵਲੀ

**2.** ਗੁਰਮੁਖੀ ਵਰਨਮਾਲਾ ਨੂੰ ਕੀ ਕਿਹਾ ਜਾਂਦਾ ਹੈ?

(A) ਅਲਫ਼ਾਬੈਟਸ (B) ਪੈਂਤੀ (C) ਗਿਣਤੀ (D) ਮੁਕਤਾ

**3.** ਹੇਠ ਲਿਖਿਆਂ ਵਿੱਚੋਂ ਲਗਾਖ਼ਰ ਕਿਹੜਾ ਹੈ?

(A) ਕੰਨਾ (B) ਬਿੰਦੀ (C) ਸਿਹਾਰੀ (D) ਬਿਹਾਰੀ

**4.** ਗੁਰਮੁਖੀ ਲਿਪੀ ਦੀ ਵਰਨਮਾਲਾ ਦੀ ਤਰਤੀਬ ਕਿਹੋ ਜਿਹੀ ਹੈ?

(A) ਮਨੋਵਿਗਿਆਨਕ (B) ਆਰਥਿਕ (C) ਸਮਾਜਿਕ (D) ਵਿਗਿਆਨਕ

**5.** 'ਮੁਸ਼ਕਲ' ਸ਼ਬਦ ਦੇ ਸਮਾਨਾਰਥੀ ਸ਼ਬਦ ਲਈ ਸਹੀ ਵਿਕਲਪ ਚੁਣੋ –

(A) ਧਨੀ (B) ਭੇਦ (C) ਬਾਰੀਕ (D) ਕਠਿਨਾਈ

**6.** 'ਪੱਕਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ –

(A) ਪਕੇਰਾ (B) ਮਜਬੂਤ (C) ਮਜਬੂਤੀ (D) ਕੱਚਾ

**7.** 'ਭੁੱਖਾ' ਸ਼ਬਦ ਦਾ ਸਹੀ ਵਿਰੋਧੀ ਸ਼ਬਦ ਚੁਣੋ –

(A) ਭੁੱਖੇ (B) ਰੱਜਿਆ (C) ਭੁੱਖੀ (D) ਫ਼ਾਕਾ

**8.** 'ਸੰਗ' ਸ਼ਬਦ ਦੇ ਸਹੀ ਬਹੁਅਰਥਕ ਸ਼ਬਦ ਲਈ ਸਹੀ ਵਿਕਲਪ ਚੁਣੋ –

(A) ਅਕਲ (B) ਪੱਥਰੀਲਾ (C) ਸ਼ਰਮ (D) ਭਰਮ



Unnati Educations
9899436384, 9654279279

9. 'ਦਰ' ਸ਼ਬਦ ਦੇ ਸਹੀ ਬਹੁਅਰਥਕ ਸ਼ਬਦ ਲਈ ਵਿਕਲਪ ਚੁਣੋ –
(A) ਦਰਵਾਜ਼ਾ (B) ਪੂਰਾ (C) ਦੰਦੀ (D) ਪਿੰਡ

10. 'ਮੇਰਾ ਦ੍ਰਿੜ ਬਿਸ਼ਵਾਸ ਹੈ ਕਿ ਉਸਨੇ ਚੋਰੀ ਨਹੀਂ ਕੀਤੀ'। ਵਾਕ ਦੀ ਕਿਸਮ ਦਾ ਸਹੀ ਵਿਕਲਪ ਚੁਣੋ –
(A) ਸੰਯੁਕਤ ਵਾਕ (B) ਮਿਸ਼ਰਤ ਵਾਕ (C) ਸਧਾਰਨ ਵਾਕ (D) ਗੁੰਝਲਦਾਰ ਵਾਕ

II. ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ – 1x8=8

1. ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿੱਚ ਕਿਹੋ ਜਿਹੇ ਜੀਵਨ ਦਾ ਖੰਡਨ ਕਰਦੇ ਹਨ?
(A) ਗ੍ਰਹਿਸਤੀ ਜੀਵਨ (B) ਨਿਮਰਤਾ ਭਰਿਆ
(C) ਭਗਤੀ ਭਰਿਆ (D) ਕਰਮਕਾਂਡੀ

2. 'ਸਉ ਮਣੁ ਹਸਤੀ ਘਿਉ ਗੁੜੁ ਖਾਵੈ' ਬਾਣੀ-ਸਤਰਾਂ ਵਿੱਚ ਗੁਰੂ ਨਾਨਕ ਦੇਵ ਜੀ ਨੇ ਕੀ ਉਪਦੇਸ਼ ਦਿੱਤਾ ਹੈ?
(A) ਹਉਮੈਂ ਤਿਆਗਣ ਦਾ (B) ਨਿਮਰਤਾ ਤਿਆਗਣ ਦਾ
(C) ਗ੍ਰਹਿਸਤ ਤਿਆਗਣ ਦਾ (D) ਭਗਤੀ ਤਿਆਗਣ ਦਾ

3. ਗੁਰੂ ਨਾਨਕ ਦੇਵ ਜੀ ਦੀ ਬਾਣੀ-ਸਤਰਾਂ ਅਨੁਸਾਰ ਹਉਮੈਂ ਤੋਂ ਮੁਕਤ ਕੌਣ ਹੈ?
(A) ਹਾਥੀ (B) ਸ਼ੇਰ (C) ਅਕਟਿੱਡਾ (D) ਲਾਲਚੀ ਮਨੁੱਖ

4. ਗੁਰੂ ਨਾਨਕ ਦੇਵ ਜੀ ਦੀ ਬਾਣੀ-ਸਤਰਾਂ ਅਨੁਸਾਰ ਮਨੁੱਖੀ ਜੀਵਨ ਕਿਹੋ ਜਿਹਾ ਹੈ?
(A) ਥੋੜ੍ਹ ਚਿਰਾ (B) ਸਥਾਈ (C) ਅਮਰ (D) ਸਥਿਰ

5. ਲੁਹਾਰ ਤੋਂ ਮਿਰਜ਼ੇ ਨੇ ਕੀ ਲਿਆ?
(A) ਕਿੱਲੀਆਂ (B) ਕਿੱਲਾ (C) ਤਸਲਾ (D) ਕੁਹਾੜੀ

6. ਸਾਹਿਬਾਂ ਕਿਸ ਦਾ ਮਖੌਲ ਉਡਾਉਂਦੀ ਹੈ?
(A) ਘੋੜੀ ਦਾ (B) ਮਿਰਜ਼ੇ ਦਾ (C) ਲੁਹਾਰ ਦਾ (D) ਤਰਖਾਣ ਦਾ

7. ਮਿਰਜ਼ੇ ਅਨੁਸਾਰ ਉਸ ਦੀ ਬੱਕੀ ਤੋਂ ਕੌਣ ਡਰਦਾ ਹੈ?
(A) ਸ਼ੇਰ (B) ਦੈਂਤ (C) ਬਹਾਦਰ ਲੋਕ (D) ਫਰਿਸ਼ਤੇ

8. ਕਿੱਸਾ 'ਮਿਰਜ਼ਾ ਸਾਹਿਬਾਂ' ਦੀ ਬੋਲੀ ਕਿਹੜੀ ਹੈ?
(A) ਮਾਝੀ (B) ਪੋਠੋਹਾਰੀ (C) ਮਲਵਈ (D) ਪੁਆਂਧੀ

III. ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ – 1x5=5

1. 'ਭੂਆ' ਕਹਾਣੀ ਵਿੱਚ 'ਕੰਧੀ ਉੱਤੇ ਰੁਖੜਾ' ਸ਼ਬਦ ਲੇਖਕ ਨੇ ਕਿਸ ਲਈ ਵਰਤਿਆ ਹੈ?
(A) ਫੁੱਫੜ (B) ਭੂਆ (C) ਚਾਚਾ (D) ਚਾਚੀ

2. ਲੇਖਕ ਖਾਣੇ ਦੇ ਭਰੇ ਹੋਏ ਥਾਲ ਵੱਲ ਵੇਖ ਕੇ ਕੀ ਸੋਚਦਾ ਹੈ?
(A) ਖਾਣਾ ਚੰਗਾ ਨਹੀਂ ਸੀ, ਉਹ ਕਿਵੇਂ ਖਾਵੇਗਾ (B) ਖਾਣਾ ਉਸਦੀ ਪਸੰਦ ਦਾ ਨਹੀਂ ਸੀ
(C) ਅੱਜ ਖਾਣ ਦਾ ਸਵਾਦ ਆਵੇਗਾ (D) ਮੁਸਾਮੋਤੋਂ ਭੱਜਿਆ, ਅੱਗੇ ਮੌਤ ਖੜ੍ਹੀ


Unnati Educations
9899436384, 9654279279

3. ਲੇਖਕ, ਭੂਆ ਦੇ ਘਰ ਜਾਣ ਤੋਂ ਪਹਿਲਾਂ ਕਿੱਥੇ ਗਿਆ ਸੀ?
(A) ਵਿਆਹ 'ਤੇ
(B) ਸਰਕਾਰੀ ਕੰਮ
(C) ਰਿਸ਼ਤੇਦਾਰ ਦੇ ਘਰ ਅਫਸੋਸ 'ਤੇ
(D) ਮੇਲੇ

4. 'ਪ੍ਰੇਮੀ ਦੇ ਨਿਆਣੇ' ਕਹਾਣੀ ਵਿਚਲੀ ਕਹਾਣੀ ਵਿੱਚ ਰਾਜਾ-ਰਾਣੀ ਦੇ ਕਿੰਨੇ ਬੱਚੇ ਸਨ?
(A) ਦੋ ਪੁੱਤ, ਇੱਕ ਧੀ
(B) ਦੋ ਧੀਆਂ, ਇੱਕ ਪੁੱਤ
(C) ਇੱਕ ਪੁੱਤ, ਇੱਕ ਧੀ
(D) ਇੱਕ ਪੁੱਤ

5. ਭੈਣ ਦੁਆਰਾ ਸੁਣਾਈ ਕਹਾਣੀ ਵਿੱਚ ਰਾਣੀ ਰਾਜੇ ਤੋਂ ਕਿਹੜਾ ਕਰਾਰ ਮੰਗਦੀ ਹੈ?
(A) ਦੂਜਾ ਵਿਆਹ ਨਾ ਕਰਾਉਣ ਦਾ
(B) ਦਾਨ-ਦੱਛਣਾ ਕਰਾਉਣ ਦਾ
(C) ਤੀਰਥ ਦਰਸ਼ਨ ਕਰਨ ਦਾ
(D) ਬੱਚਿਆਂ ਦਾ ਧਿਆਨ ਰੱਖਣ ਦਾ

**IV.** ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ - **1x5=5**

1. ਭਾਈ ਵੀਰ ਸਿੰਘ ਜੀ ਦੁਆਰਾ ਸੰਪਾਦਿਤ ਪੁਰਾਤਨ ਜਨਮਸਾਖੀ ਨਾਲ ਸੰਬੰਧਤ ਕਿਹੜੀ ਸਾਖੀ ਤੁਹਾਡੀ ਪਾਠ-ਪੁਸਤਕ ਵਿੱਚ ਦਰਜ਼ ਹੈ?
(A) ਮੇਰੇ ਦਾਦੀ ਜੀ
(B) ਵੇਈਂ ਪ੍ਰਵੇਸ਼
(C) ਅਥਰੂ
(D) ਨੈਤਿਕ ਸਿੱਖਿਆ ਸਿਧਾਂਤ

2. ਸਾਖੀ ਨਾਇਕ ਨੂੰ ਪਰਮਾਤਮਾ ਕੋਲੋਂ ਕਿਹੜਾ ਰੁਤਬਾ ਮਿਲਿਆ?
(A) ਗੁਰੂ ਪਰਮੇਸ਼ਰ
(B) ਪਾਰਬ੍ਰਹਮ ਪਰਮੇਸ਼ਰ
(C) ਪਰਮੇਸ਼ਰ
(D) ਨਾਇਕ

3. ਪਰਮੇਸ਼ਰ ਦੇ ਸੇਵਕ ਸਾਖੀ-ਨਾਇਕ ਨੂੰ ਕਿੱਥੇ ਲੈ ਗਏ?
(A) ਖੇਤਾਂ ਵੱਲ
(B) ਘਰ ਵੱਲ
(C) ਦਰਿਆ ਕੋਲ
(D) ਪਰਮਾਤਮਾ ਦੇ ਦਰਬਾਰ ਵਿੱਚ

4. 'ਮੇਰੇ ਦਾਦੀ ਜੀ' ਪਾਠ ਦੇ ਲੇਖਕ ਕੌਣ ਹਨ?
(A) ਬਲਵੰਤ ਗਾਰਗੀ
(B) ਬਲਰਾਜ ਸਾਹਨੀ
(C) ਗੁਰਬਖ਼ਸ਼ ਸਿੰਘ ਪ੍ਰੀਤਲੜੀ
(D) ਭਾਈ ਵੀਰ ਸਿੰਘ

5. ਜਦੋਂ ਦਾਦੀ ਨੇ ਅਕਾਲ ਚਲਾਣਾ ਕੀਤਾ ਉਦੋਂ ਦਾਦੀ ਦੀ ਉਮਰ ਕਿੰਨੀ ਸੀ?
(A) ਛਿਹੱਤਰ ਵਰ੍ਹੇ (B) ਪਚਵੰਜਾ ਵਰ੍ਹੇ (C) ਸੌ ਵਰ੍ਹੇ (D) ਨੱਬੇ ਵਰ੍ਹੇ

**V.** ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ - **1x5=5**

1. ਲੋਕਧਾਰਾ ਦੀ ਸਿਰਜਣਾ ਕੌਣ ਕਰਦਾ ਹੈ?
(A) ਸਾਹਿਤਕਾਰ (B) ਕਵੀ (C) ਕਵਿਤਰੀ (D) ਲੋਕ

2. 'ਵਾਢੀਆਂ ਦਾ ਨਾਚ' ਕਿਸ ਲੋਕ ਨਾਚ ਨੂੰ ਕਿਹਾ ਜਾਂਦਾ ਹੈ?
(A) ਭੰਗੜਾ (B) ਸੰਮੀ (C) ਲੁੱਡੀ (D) ਝੁੰਮਰ



Unnati Educations
9899436384, 9654279279

3. ਪੰਜਾਬ ਦੇ ਮਾਲਵੇ ਖੇਤਰ ਨਾਲ ਸੰਬੰਧਤ ਕਿਹੜਾ ਲੋਕ ਨਾਚ ਹੈ?
(A) ਸੰਮੀ (B) ਝੁੰਮਰ (C) ਮਲਵਈ ਗਿੱਧਾ (D) ਲੁੱਡੀ

4. 'ਹੋਲਾ-ਮਹੱਲਾ' ਕਿਸ ਥਾਂ ਮਨਾਇਆ ਜਾਂਦਾ ਹੈ?
(A) ਅਨੰਦਪੁਰ ਸਾਹਿਬ (B) ਬਟਾਲਾ (C) ਮੁਕਤਸਰ (D) ਤਖ਼ਤਪੁਰਾ

5. ਕਿਹੜਾ ਤਿਉਹਾਰ ਭੈਣ-ਭਰਾ ਦੇ ਪਿਆਰ ਦਾ ਪ੍ਰਤੀਕ ਹੈ?
(A) ਲੋਹੜੀ (B) ਤੀਆਂ (C) ਰੱਖੜੀ (D) ਦੀਵਾਲੀ

**VI.** ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ - **1x5=5**

1. ਗੁਰਸ਼ਰਨ ਸਿੰਘ ਦੀ ਕਿਹੜੀ ਰਚਨਾ ਤੁਹਾਡੀ ਪਾਠ-ਪੁਸਤਕ ਵਿੱਚ ਦਰਜ਼ ਹੈ?
(A) ਕਰਾਮਾਤ (B) ਤੇਜ਼ ਰਫ਼ਤਾਰ ਨਿਊਯਾਰਕ
(C) ਭਾਈ ਘਨ੍ਹਈਆ ਜੀ (D) ਅਖਰੂ

2. ਰਾਮੂ ਆਪਣਾ ਸਮਾਨ ਕਿਸ ਵਿੱਚ ਪਾ ਰਿਹਾ ਸੀ?
(A) ਪੰਡ ਵਿੱਚ (B) ਥੈਲੇ ਵਿੱਚ (C) ਚਮੜੇ ਦੇ ਬੈਗ ਵਿੱਚ (D) ਟੈਚੀ ਵਿੱਚ

3. ਰਾਮੂ ਨੂੰ ਸ਼ਹਿਰ ਆਏ ਕਿੰਨਾ ਸਮਾਂ ਹੋ ਗਿਆ ਸੀ?
(A) ਤਿੰਨ ਮਹੀਨੇ (B) ਤਿੰਨ ਵਰ੍ਹੇ (C) ਚਾਰ ਮਹੀਨੇ (D) ਚਾਰ ਵਰ੍ਹੇ

4. ਭੰਗਾਣੀ ਦੇ ਯੁੱਧ ਵਿੱਚ ਜ਼ਰੂਰਤਮੰਦਾਂ ਨੂੰ ਪਾਣੀ ਪਿਆਉਣ ਦੀ ਸੇਵਾ ਕਿਸਨੇ ਕੀਤੀ?
(A) ਸੈਨਿਕਾਂ ਨੇ (B) ਭਾਈ ਘਨ੍ਹੱਈਆ ਜੀ ਨੇ
(C) ਸੇਵਾਦਾਰਾਂ ਨੇ (D) ਸਥਾਨਕ ਲੋਕਾਂ ਨੇ

5. ਹਾਦਸੇ ਦੀ ਥਾਂ ਇੱਕ ਔਰਤ ਕੀ ਲੱਭ ਰਹੀ ਸੀ?
(A) ਬੱਚੀ (B) ਪਤੀ (C) ਮੁੰਡਾ (D) ਅਟੈਚੀ

**VII.** ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ - **1x5=5**

1. ਲੋਕਤੰਤਰ ਦਾ ਚੌਥਾ ਥੰਮ ਕਿਸਨੂੰ ਕਿਹਾ ਗਿਆ ਹੈ?
(A) ਬੱਚੇ (B) ਬਾਲਿਗ ਵਿਅਕਤੀ
(C) ਮੀਡੀਆ (D) ਸਾਰੇ ਦੇਸ਼ਵਾਸੀ

2. ਅਖ਼ਬਾਰ ਸਭ ਤੋਂ ਪਹਿਲਾਂ ਕਿਸ ਰੂਪ ਵਿੱਚ ਹੋਂਦ ਵਿੱਚ ਆਈ?
(A) ਹਫ਼ਤਾਵਾਰੀ ਅਖ਼ਬਾਰ (B) ਰੋਜ਼ਾਨਾ ਅਖ਼ਬਾਰ
(C) ਚੌਧੰਨੇ (D) ਪੰਦਰਵਾੜਾ ਅਖ਼ਬਾਰ

3. ਪੰਜਾਬੀ ਅਖ਼ਬਾਰ ਕਦੋਂ ਹੋਂਦ ਵਿੱਚ ਆਈ?
(A) ਸੰਨ 1804 'ਚ (B) ਸੰਨ 1867 'ਚ
(C) ਸੰਨ 1865 'ਚ (D) ਸੰਨ 1805 'ਚ



Unnati Educations
9899436384, 9654279279

4. ਪ੍ਰਚਾਰ ਦਾ ਆਸਾਨ ਤੇ ਮਮਤਾ ਸਾਧਨ ਕਿਸਨੂੰ ਮੰਨਿਆ ਜਾਂਦਾ ਹੈ?
(A) ਅਖ਼ਬਾਰ (B) ਪੁਸਤਕਾਂ (C) ਇਸ਼ਤਿਹਾਰਬਾਜ਼ੀ (D) ਰਸਾਲੇ

5. 'ਖ਼ਬਰ ਨਾਲ ਲੋਕਾਂ ਦੇ __________ ਵਿੱਚ ਵਾਧਾ ਹੁੰਦਾ ਹੈ।' ਇਸ ਵਾਕ ਨੂੰ 'ਮੀਡੀਆ ਤੇ ਪੰਜਾਬੀ ਮੀਡੀਆ' ਪਾਠ ਅਨੁਸਾਰ ਪੂਰਾ ਕਰੋ।
(A) ਘਟਨਾ (B) ਗਿਆਨ (C) ਜ਼ਿੰਮੇਵਾਰੀ (D) ਗੱਲ

**VIII.** ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ – **1x7=7**

1. ਦੂਜੇ ਮੁਲਕਾਂ ਅਤੇ ਉਨ੍ਹਾਂ ਦੇ ਲੋਕਾਂ ਬਾਰੇ ਜਾਣਕਾਰੀ ਕਿਵੇਂ ਹਾਸਿਲ ਕਰ ਸਕਦੇ ਹਾਂ? 'ਅਨੁਵਾਦ ਕਲਾ ਅਤੇ ਵਿਗਿਆਪਨ' ਪਾਠ ਦੇ ਆਧਾਰ 'ਤੇ ਦੱਸੋ।
(A) ਉਹਨਾਂ ਦੀ ਭਾਸ਼ਾ ਸਿੱਖ ਕੇ (B) ਅਨੁਵਾਦਿਕ ਸਾਹਿਤ ਰਾਹੀਂ
(C) ਉਸ ਮੁਲਕ ਵਿੱਚ ਜਾ ਕੇ (D) ਇਹਨਾਂ ਵਿੱਚੋਂ ਕੋਈ ਨਹੀਂ

2. ਜਿਸ ਭਾਸ਼ਾ ਤੋਂ ਅਨੁਵਾਦ ਕੀਤਾ ਜਾਂਦਾ ਹੈ, ਉਸਨੂੰ ਅਨੁਵਾਦ-ਵਿਗਿਆਨ ਵਿੱਚ ਕੀ ਕਹਿੰਦੇ ਹਨ?
(A) ਸਰੋਤ ਭਾਸ਼ਾ (B) ਲਕਸ਼ ਭਾਸ਼ਾ (C) ਵਿਸ਼ਾ-ਵਸਤੂ (D) ਭਾਵ

3. ਅਨੁਵਾਦਕ, ਲੇਖਕ ਤੋਂ ਕਿੰਨੇ ਗੁਣਾਂ ਵੱਧ ਮਿਹਨਤ ਕਰਦਾ ਹੈ?
(A) ਦੋ ਗੁਣਾਂ (B) ਤਿੰਨ ਗੁਣਾਂ (C) ਚਾਰ ਗੁਣਾਂ (D) ਪੰਜ ਗੁਣਾਂ

4. ਦੋ ਭਾਸ਼ਾਵਾਂ ਦੀ ਜਾਣਕਾਰੀ ਰੱਖਣ ਵਾਲੇ ਨੂੰ ਕੀ ਕਹਿੰਦੇ ਹਨ?
(A) ਸਾਹਿਤਕਾਰ (B) ਕਵੀ (C) ਲੇਖਕ (D) ਦੁਭਾਸ਼ੀਆ

5. ਮੀਡੀਆ ਦੀ ਨੀਂਹ ਕਿਸ ਨੂੰ ਕਿਹਾ ਜਾਂਦਾ ਹੈ?
(A) ਵਿਗਿਆਪਨ (B) ਉਤਪਾਦ (C) ਉਤਪਾਦਨ (D) ਬਜ਼ਾਰ

6. ਇਹਨਾਂ ਵਿੱਚੋਂ ਕਿਹੜਾ ਸ੍ਰਵ ਅਤੇ ਦ੍ਰਿਸ਼ ਦੋਵਾਂ ਦਾ ਮਾਧਿਅਮ ਹੈ?
(A) ਆਡੀਓ ਕੈਸੇਟ (B) ਟੈਲੀਵਿਜ਼ਨ (C) ਰੇਡੀਓ (D) ਆਡੀਓ ਸੀਡੀ

7. ਜਿਸ ਕੋਸ਼ ਵਿੱਚ ਇੱਕ ਹੀ ਸ਼ਬਦ ਦਾ ਅਰਥ ਅਨੇਕ ਭਾਸ਼ਾਵਾਂ ਵਿੱਚ ਦਿੱਤਾ ਗਿਆ ਹੁੰਦਾ ਹੈ, ਉਸਨੂੰ ਕੀ ਕਹਿੰਦੇ ਹਨ?
(A) ਪਰਿਭਾਸ਼ਕ ਕੋਸ਼ (B) ਬਹੁਭਾਸ਼ਾ ਕੋਸ਼
(C) ਉਪਭਾਸ਼ਾ ਕੋਸ਼ (D) ਵਿਸ਼ਵ ਕੋਸ਼

**ਜਾਂ**

ਪੁੱਛੇ ਗਏ ਸਭੀ ਪ੍ਰਸ਼ਨਾਂ ਦੇ ਉੱਤਰ ਲਿਖੋ –

1. 'ਪੁੱਤ ਜੱਟਾਂ ਦੇ' ਫਿਲਮ ਕਿਸ ਨੇ ਬਣਾਈ?
(A) ਜਸਮੀਤ ਸਿੰਘ (B) ਜਸਜੀਤ ਸਿੰਘ
(C) ਜਗਜੀਤ ਸਿੰਘ (D) ਜਗਨੀਤ ਸਿੰਘ

2. ਇਹਨਾਂ ਵਿੱਚੋਂ ਅਸਲ ਘਟਨਾ 'ਤੇ ਆਧਾਰਿਤ ਕਿਹੜੀ ਫਿਲਮ ਹੈ?
(A) ਜੀ ਆਇਆਂ ਨੂੰ (B) ਪੁੱਤ ਜੱਟਾਂ ਦੇ
(C) ਸ਼ਹੀਦੇ ਮੁਹੱਬਤ (D) ਮਾਹੌਲ ਠੀਕ ਹੈ


Unnati Educations
9899436384, 9654279279

3. ਸਿਨੇਮਾ ਅਜੋਕੇ ਯੁੱਗ ਦਾ ਕਿਹੋ ਜਿਹਾ ਮਾਧਿਅਮ ਹੈ?
(A) ਖ਼ਰਚੀਲਾ (B) ਬੇਕਾਰ (C) ਕਮਜ਼ੋਰ (D) ਤਾਕਤਵਰ

4. ਅੰਮ੍ਰਿਤਾ ਪ੍ਰੀਤਮ ਦੇ ਨਾਵਲ 'ਤੇ ਆਧਾਰਿਤ ਕਿਹੜੀ ਫਿਲਮ ਹੈ?
(A) ਖਾਮੋਸ਼ ਪਾਣੀ (B) ਪਿੰਜਰ (C) ਗ਼ਦਰ (D) ਬਾਰਡਰ

5. ਕਿਸ ਤਰ੍ਹਾਂ ਦੀਆਂ ਫਿਲਮਾਂ ਨਾਲ ਪੰਜਾਬੀ ਸਿਨੇਮਾ ਦਾ ਇੱਕ ਨਵਾਂ ਚੈਪਟਰ ਸ਼ੁਰੂ ਹੋਇਆ?
(A) ਵਪਾਰਕ (B) ਆਰਟ (C) ਧਾਰਮਿਕ (D) ਪਰਵਾਸੀ

6. ਪੰਜਾਬ ਦੇ ਪਿੰਡਾਂ-ਸ਼ਹਿਰਾਂ ਵਿੱਚ ਕਦੋਂ'ਕੁ ਟੈਲੀਵਿਜ਼ਨ ਆਉਣਾ ਸ਼ੁਰੂ ਹੋਇਆ?
(A) 1975 ਦੇ ਨੇੜੇ-ਤੇੜੇ (B) 1979 ਦੇ ਨੇੜੇ-ਤੇੜੇ
(C) 1980 ਦੇ ਨੇੜੇ-ਤੇੜੇ (D) 1950 ਦੇ ਨੇੜੇ-ਤੇੜੇ

7. ਕੁਲਦੀਪ ਮਾਣਕ ਗੀਤ ਦਾ ਕਿਹੜਾ ਰੂਪ ਵਧੇਰੇ ਗਾਉਂਦਾ ਸੀ?
(A) ਬੋਲੀਆਂ (B) ਕਲੀ (C) ਕਾਫ਼ੀ (D) ਟੱਪੇ

**IX.** ਪੁੱਛੇ ਗਏ ਅਨੁਸਾਰ ਤੇਰ੍ਹਾਂ ਪ੍ਰਸ਼ਨਾਂ ਵਿੱਚੋਂ ਕੋਈ **ਦਸ ਪ੍ਰਸ਼ਨਾਂ** ਦੇ ਉੱਤਰ **20-25** ਸ਼ਬਦਾਂ ਵਿੱਚ ਲਿਖੋ - **2x10=20**

1. ਕਥਾਵਾਚਕ ਆਪਣੇ ਬੱਚੇ ਨੂੰ ਕੁਲਫ਼ੀ ਕਿਉਂ ਨਹੀਂ ਖੁਆ ਸਕਦਾ ਸੀ?

2. ਭਗਤ ਰਵਿਦਾਸ ਅਨੁਸਾਰ ਪ੍ਰਮਾਤਮਾ ਨੂੰ ਕੀ ਭੇਂਟ ਕੀਤਾ ਜਾ ਸਕਦਾ ਹੈ?

3. ਕਵੀ ਫ਼ੀਰੋਜ਼ਦੀਨ ਸ਼ਰਫ਼ ਨੇ 'ਪੰਜਾਬ' ਕਵਿਤਾ ਵਿੱਚ ਪੰਜਾਬ ਦੀ ਵਡਿਆਈ ਕਰਦਿਆਂ ਕੀ ਕਿਹਾ ਹੈ?

4. 'ਅਥਰੂ' ਪਾਠ ਅਨੁਸਾਰ ਦੱਸੋ ਕਿ ਲੇਖਕ ਆਰਾਮ ਕਰਨਾ ਕਿਉਂ ਲੋਚਦਾ ਹੈ?

5. ਸਿੱਠਣੀਆਂ ਤੋਂ ਕੀ ਭਾਵ ਹੈ?

6. ਖ਼ਬਰਾਂ ਕਿੰਨੀਆਂ ਕਿਸਮਾਂ ਦੀਆਂ ਹੁੰਦੀਆਂ ਹਨ? ਉਨ੍ਹਾਂ ਦੇ ਨਾਂ ਦੱਸੋ।

7. 'ਜਿਸ ਜਨਮ ਦਿੱਤਾ ਸੀ
ਉਸ ਮਾਂ ਦਾ ਬੜਾ ਉਪਕਾਰ ਹੈ।'
ਸਤਿਕਾਰ ਹੈ, ਅਧਿਕਾਰ ਹੈ।' - ਇਹਨਾਂ ਕਵਿਸਤਰਾਂ ਵਿੱਚ ਕਵੀ ਡਾ. ਜਗਤਾਰ ਕੀ ਕਹਿ ਰਹੇ ਹਨ?

8. ''ਆ ਖਸਮਾਂ ਖਾਣਿਆਂ! ਤੂੰ ਲਗੈ ਹੁਣ ਉਲਾਂਭੇ ਲਿਆਉਣ?'' ਇਹ ਗੱਲਾਂ ਕੌਣ, ਕਿਸਨੂੰ ਤੇ ਕਦੋਂ ਕਹਿ ਰਿਹਾ ਹੈ?

9. ਬਲਰਾਜ ਸਾਹਨੀ ਦੀ ਕਿਹੜੀ ਰਚਨਾ ਤੁਹਾਡੀ ਪਾਠ-ਪੁਸਤਕ ਵਿੱਚ ਦਰਜ ਹੈ? ਇਹ ਰਚਨਾ ਕਿਹੋ ਜਿਹੀ ਵਿਧਾ ਹੈ?

10. ਪੰਜਾਬੀ ਲੋਕਗੀਤਾਂ ਦੀਆਂ ਚਾਰ ਕਿਸਮਾਂ ਦੇ ਨਾਂ ਲਿਖੋ।

11. ਗੱਡੀ ਚੜ੍ਹਨ ਤੋਂ ਪਹਿਲਾਂ ਰਾਮੂ ਕਿਹੜੇ ਸ਼ਹਿਰ ਵਿੱਚ ਕਿਸਨੂੰ ਮਿਲਣਾ ਚਾਹੁੰਦਾ ਹੈ?



Unnati Educations
9899436384, 9654279279

12. ਖ਼ਬਰ ਕਿੰਨੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ? ਖ਼ਬਰ ਦੇ ਤੱਥ ਇਕੱਤਰ ਕਰਨ ਸਮੇਂ ਕਿਸ ਦਾ ਧਿਆਨ ਰੱਖਣਾ ਜ਼ਰੂਰੀ ਹੈ?

13. ਢਾਣੀ ਦਾ ਗਿੱਧਾ ਆਰੰਭ ਕਰਨ ਤੋਂ ਪਹਿਲਾਂ ਬੋਲੀਕਾਰ ਕੀ ਕਰਦਾ ਹੈ?

**X.** ਪੁੱਛੇ ਗਏ ਅਨੁਸਾਰ ਤਿੰਨ **(3) ਪ੍ਰਸ਼ਨਾਂ ਵਿੱਚੋਂ ਦੋ (2) ਪ੍ਰਸ਼ਨਾਂ ਦੇ ਉੱਤਰ 40-45** ਸ਼ਬਦਾਂ ਵਿੱਚ ਲਿਖੋ – **3x2=6**

1. 'ਵਾਰਿਸ ਸ਼ਾਹ' ਕਵਿਤਾ ਦਾ ਕੇਂਦਰੀ ਭਾਵ ਦੱਸੋ।
2. ਸਾਂਝੇ ਪਰਿਵਾਰ ਟੁੱਟਣ ਦੀ ਪ੍ਰਕ੍ਰਿਆ ਕੀ ਹੈ?
3. ਭਾਸ਼ਾਂਤਰਕਾਰ ਦੀਆਂ ਮਾਨਸਿਕ ਪ੍ਰਕ੍ਰਿਆਵਾਂ ਬਾਰੇ ਚਰਚਾ ਕਰੋ?

**XI.** ਪੁੱਛੇ ਗਏ ਅਨੁਸਾਰ ਪੰਜ **(5) ਪ੍ਰਸ਼ਨਾਂ ਵਿੱਚੋਂ ਕੋਈ ਤਿੰਨ (3) ਪ੍ਰਸ਼ਨਾਂ ਦੇ ਉੱਤਰ 70-80 ਸ਼ਬਦਾਂ** ਵਿੱਚ ਲਿਖੋ – **4x3=12**

1. 'ਅੱਜ ਉਸਦਾ ਨਾਮ ਮੈਂ
ਗ਼ੈਰ ਸਰਕਾਰੀ ਜਾਂ ਸਰਕਾਰੀ ਕਿਸੇ
ਕਾਗਜ਼ 'ਚ ਵਲਦੀਅਤ ਦੇ ਖ਼ਾਨੇ
ਲਿਖ ਨਹੀਂ ਸਕਦਾ ਜਦੋਂ
ਤਾਂ ਭਰੇ ਪੀਤੇ ਦਾ ਜੀ ਕਰਦੈ
ਕਿ ਇਹ ਸਭ ਡਿਗਰੀਆਂ ਤੇ ਦਸਤਾਵੇਜ ਫੂਕ ਸੁੱਟਾਂ
ਜਾਂ ਮੈਂ ਵਲਦੀਅਤ ਦੇ ਖ਼ਾਨੇ
'ਲੱਛਮੀ ਦੇਵੀ' ਲਿਖਾਂ।

ਉਪਰੋਕਤ ਕਾਵਿ-ਮਤਰਾਂ ਦੀ ਪ੍ਰਸੰਗ-ਸਹਿਤ ਵਿਆਖਿਆ ਕਰੋ।

2. 'ਭਾਈ ਘਨ੍ਹਈਆ ਜੀ' ਇਕਾਂਗੀ ਦੇ ਪਾਤਰ ਰਾਮੂ ਦਾ ਪਾਤਰ ਚਿਤਰਨ ਕਰੋ।
3. 'ਕੁਲਫ਼ੀ' ਕਹਾਣੀ ਰਾਹੀਂ ਲੇਖਕ ਕੀ ਕਹਿਣਾ ਚਾਹੁੰਦਾ ਹੈ?
4. ਸਾਨੂੰ ਆਪਣੇ ਵਿਹਲੇ ਸਮੇਂ ਨੂੰ ਕਿਵੇਂ ਵਰਤਣਾ ਚਾਹੀਦਾ ਹੈ? ਟਾਈਮ-ਟੇਬਲ ਬਣਾ ਕੇ ਕੰਮ ਕਰਨ ਦਾ ਕੀ ਫਾਇਦਾ ਹੁੰਦਾ ਹੈ? 'ਵਕਤ ਦੀ ਕਦਰ' ਲੇਖ ਦੇ ਆਧਾਰ 'ਤੇ ਦੱਸੋ।
5. 'ਮੀਡੀਆ' ਬਾਰੇ ਸੰਖੇਪ ਜਾਣਕਾਰੀ ਦਿਉ।

**XII.** ਹੇਠ ਲਿਖੇ ਵਿਸ਼ਿਆਂ ਵਿੱਚੋਂ **ਕਿਸੇ ਇੱਕ** ਵਿਸ਼ੇ ਉੱਤੇ **125-150 ਸ਼ਬਦਾਂ** ਵਿੱਚ ਲੇਖ ਲਿਖੋ – **6x1=6**

ਮਨਜੀਤੈ ਜਗੁ ਜੀਤ

**ਜਾਂ**

ਸਮੇਂ ਦੀ ਸੰਭਾਲ

**XIII.** ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਵਿਸ਼ੇ ਉੱਤੇ ਪੱਤਰ ਲਿਖੋ – **6x1=6**

ਆਪਣੀ ਭੈਣ ਨੂੰ CUET ਦਾ ਮਹੱਤਵ ਦੱਸਦੇ ਹੋਏ-

ਹਿਦਾਇਤ ਦਿਉ ਕਿ ਉਹ ਬਾਰ੍ਹਵੀਂ ਦੀ ਪੜ੍ਹਾਈ ਦੇ ਨਾਲ-ਨਾਲ CUET ਦਾ ਅਭਿਆਸ ਕਰਕੇ ਚੰਗੇ ਕਾਲੇਜ ਵਿੱਚ ਦਾਖ਼ਲੇ ਦੀ ਤਿਆਰੀ ਵੀ ਕਰੇ।

**ਜਾਂ**

ਸਵਾਸਥ ਵਿਭਾਗ ਦੇ ਸਵਾਸਥ ਅਧਿਕਾਰੀ ਨੂੰ ਪੱਤਰ ਲਿਖ ਕੇ ਤੁਹਾਡੇ ਇਲਾਕੇ ਵਿੱਚ ਫ੍ਰੀ ਚੈੱਕ-ਅਪ ਕੈਂਪ ਲਗਾਉਣ ਲਈ ਬਿਨੈ-ਪੱਤਰ ਲਿਖੋ।

- o O o -



Unnati Educations
9899436384, 9654279279